ਦਫਤਰ ਚੇਅਰਮੈਨ ਭਰਤੀ ਸੈਲ-ਕਮ- ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
ਐਸ.ਸੀ.ਓ. ਨੰਬਰ: 130-131, ਸੈਕਟਰ 34 ਏ, ਚੰਡੀਗੜ੍ਹ।

# ਪਬਲਿਕ ਨੋਟਿਸ

ਰਾਸਟਰੀ ਮਾਧਿਅਮ ਸਿੱਖਿਆ ਅਭਿਆਨ ਅਥਾਰਟੀ, ਪੰਜਾਬ ਅਧੀਨ 222 ਕੈਟਾਗਰੀ ਵਾਇਜ ਮੁੱਖ ਅਧਿਆਪਕਾਂ ਦੀ ਠੇਕੇ ਤੇ ਭਰਤੀ ਸਬੰਧੀ ਇਸਤਿਹਾਰ ਮਿਤੀ 21-10-2012 ਅਤੇ 22-10-2012 ਨੂੰ ਉੱਘੇ ਅਖਬਾਰਾਂ ਵਿੱਚ ਦਿੱਤਾ ਗਿਆ ਸੀ। ਇਸ ਦੇ ਸਬੰਧ ਵਿੱਚ ਉਮੀਦਵਾਰਾਂ ਵੱਲੋਂ ਮਿਤੀ 22-10-2012 ਤੋ 5-11-2012 ਤੱਕ ਆਨ ਲਾਈਨ ਸਰਵ ਸਿੱਖਿਆ ਅਭਿਆਨ ਅਥਾਰਟੀ ਦੀ ਵੈਬ ਸਾਈਟ ਤੇ ਅਪਲਾਈ ਕੀਤਾ ਗਿਆ। ਉਮੀਦਵਾਰਾਂ ਦੀ ਰੋਸਟਰ ਅਨੁਸਾਰ ਪ੍ਰੋਵੀਜਨਲ ਮੈਰਿਟ ਸਰਵ ਸਿੱਖਿਆ ਅਭਿਆਨ ਦੀ ਵੈਬ ਸਾਈਟ ਤੇ ਜਨਰਲ ਕੈਟਾਗਰੀ 3 ਗੁਣਾ ਅਤੇ ਐਸ.ਸੀ/ਬੀ.ਸੀ. ਦੇ 5 ਗੁਣਾ ਅਨੁਸਾਰ ਪਾਈ ਗਈ ਹੈ। ਮੈਰਿਟ ਵਿੱਚ ਦਰਜ ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਅਸਲ ਸਰਟੀਫਿਕੇਟ/ਦਸਤਾਵੇਜ ਅਤੇ ਖੁਦ ਤਸਦੀਕੀ ਫੋਟੋਕਾਪੀਆ ਦਾ ਇਕ ਸੈਟ ਸਮੇਤ, ਆਨ ਲਾਈਨ ਅਪਲਾਈ ਕਰਨ ਦਾ ਸਬੂਤ ਅਤੇ ਫੀਸ ਜਮ੍ਹਾਂ ਕਰਵਾਉਣ ਦਾ ਸਬੂਤ ਨਾਲ ਲੈ ਕੇ ਕਾਊਸਲਿੰਗ ਲਈ ਨਿੱਜੀ ਤੌਰ ਤੇ ਹਾਜਰ ਹੋਣਗੇ। ਕਾਊਸਲਿੰਗ ਹੇਠ ਲਿਖੀਆਂ ਮਿਤੀਆਂ ਅਨੁਸਾਰ ਐਸ.ਸੀ.ਓ ਨੰ 130-131, ਸੈਕਟਰ 34-ਏ, ਤੀਜੀ ਮੰਜਿਲ, ਦਫਤਰ ਵਿਭਾਗੀ ਚੋਣ ਕਮੇਟੀ, ਚੰਡੀਗੜ ਵਿਖੇ ਸਵੇਰੇ 9.30 ਵਜੇ ਤੋ ਸਾਮ 5.00 ਵਜੇ ਤੱਕ ਹੋਵੇਗੀ।

| ਲੜੀ ਨੰ | ਕੈਟਾਗਰੀ | ਮਿਤੀ |
|---|---|---|
| 1. | ਜਨਰਲ | 26-11-2012 |
| 2. | ਐਸ.ਸੀ/ਬੀ.ਸੀ. | 27-11-2012 |
| 3. | ਬਾਕੀ ਰਹਿੰਦੀਆ ਕੈਟਾਗਰੀਜ | 29-11-2012 |

ਸਹੀ/-
ਚੇਅਰਮੈਨ ਭਰਤੀ ਸੈੱਲ-ਕਮ-
ਡਾਇਰੈਕਟਰ ਜਨਰਲ ਸਕੂਲ ਸਿੱਖਿਆ,
ਪੰਜਾਬ, ਚੰਡੀਗੜ੍ਹ।